ਵਲੋਂ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਬਹੁਤਕਨੀਕੀ ਕਾਲਜ

ਮੀਮੋ ਨੰ: ਟੀਈ/ਪੀ.ਐਮ.ਐਸ. 1670-1842 /ਸਕਾਲਰਸ਼ਿਪ
ਮਿਤੀ: 9/8/13

ਵਿਸ਼ਾ: **Implementation of Direct Cash Transfer (DCT) Scheme - PMS**

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਭਲਾਈ ਵਿਭਾਗ ਵਲੋਂ ਅਧੀਨ ਸੰਸਥਾਵਾਂ ਦੇ ਅਨੁਸੂਚਿਤ ਜਾਤੀ ਅਤੇ ਓ.ਬੀ.ਸੀ. ਦੇ ਵਿਦਿਆਰਥੀਆਂ ਨੂੰ ਪੀ.ਐਮ.ਐਸ. ਸਕੀਮ ਤਹਿਤ ਸਾਲ 2012-13 ਦਾ ਬਣਦਾ ਲਾਭ ਸਿੱਧੇ ਤੌਰ ਤੇ ਉਹਨਾਂ ਦੇ ਖਾਤਿਆਂ ਵਿੱਚ ਭੇਜਿਆ ਜਾਣਾ ਹੈ। ਇਸ ਲਈ ਇਸ ਸਕੀਮ ਅਧੀਨ ਆਉਂਦੇ ਲਾਭਪਾਤਰੀਆਂ ਦੇ ਬੈਂਕ ਖਾਤੇ ਚੈੱਕ ਕਰਨੇ ਜ਼ਰੂਰੀ ਹਨ।

ਉਪਰੋਕਤ ਦੇ ਸਨਮੁੱਖ ਬੇਨਤੀ ਕੀਤੀ ਜਾਂਦੀ ਹੈ ਕਿ ਆਪੋ ਆਪਣੀ ਸੰਸਥਾ ਦੇ ਪੀ.ਐਮ.ਐਸ. ਸਕੀਮ ਅਧੀਨ ਕਵਰ ਹੁੰਦੇ ਸਾਲ 2012-13 ਦੇ ਵਿਦਿਆਰਥੀਆਂ ਦੇ ਬੈਂਕ ਖਾਤੇ ਚੈੱਕ ਕੀਤੇ ਜਾਣ ਅਤੇ ਜੇ ਕੋਈ ਉਹਨਾਂ ਵਿੱਚ ਤੁਰੱਟੀ ਆਉਂਦੀ ਹੈ ਤਾਂ ਉਸ ਸਬੰਧੀ ਭਲਾਈ ਵਿਭਾਗ ਨੂੰ ਤੁਰੰਤ ਸੂਚਿਤ ਕਰਦਿਆਂ ਤਰੁੱਟੀ ਦੂਰ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਲਾਭਪਾਤਰੀਆਂ ਨੂੰ ਭਲਾਈ ਵਿਭਾਗ ਵਲੋਂ ਅਦਾਇਗੀਆਂ ਸਹੀ ਸਮੇਂ ਤੇ ਕੀਤੀਆਂ ਜਾ ਸਕਣ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਐਸ.ਸੀ.ਓ. ਨੰ: 128-129, ਸੈਕਟਰ 34-ਏ, ਚੰਡੀਗੜ੍ਹ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਸੰਸਥਾ ਵਲੋਂ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਕੋਈ ਤਰੁੱਟੀ ਦਰਸਾਈ ਜਾਂਦੀ ਹੈ ਤਾਂ ਸੰਸਥਾ ਵਲੋਂ ਦੁਬਾਰਾ ਭੇਜੇ ਸਹੀ ਬੈਂਕ ਖਾਤਿਆਂ ਅਨੁਸਾਰ ਉਸ ਨੂੰ ਆਪਦੇ ਰਿਕਾਰਡ ਵਿੱਚ ਦਰੁੱਸਤ ਕਰਦਿਆਂ ਸਹੀ ਖਾਤਿਆਂ ਵਿੱਚ ਬਣਦੀ ਰਕਮ ਪਾਉਣ ਦੀ ਕ੍ਰਿਪਾਲਤੀ ਕੀਤੀ ਜਾਵੇ।

//

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 1 ਟੀਈ/ਪੀ.ਐਮ.ਐਸ. ਮਿਤੀ:

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ, ਕੰਪਿਊਟਰ ਸਾਖਾ ਮੁੱਖ ਦਫਤਰ ਨੂੰ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਵਿਭਾਗ ਦੀ ਵੈਬ-ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

//

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ

ਵਲੋਂ

ਡਾਇਰੈਕਟਰ,.
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਡਿਪਟੀ ਕਮਿਸ਼ਨਰ,
____________________।

ਮੀਮੋ ਨੰ: 1 ਟੀਈ/ਏ/ਪੀ.ਐਮ.ਐਸ/ 70 /ਮਿਤੀ: 16-04-2013

ਵਿਸ਼ਾ: **Implementation of Direct Cash Transfer (DCT) Schame.**

ਹਵਾਲਾ: ਪੰਜਾਬ ਸਰਕਾਰ ਵਿੱਤ ਵਿਭਾਗ ਦਾ ਪੱਤਰ ਨੰਬਰ ਐਫ.ਡੀ/ਆਈਐਫ/2012/ਐਫਐਮ/288-302 ਮਿਤੀ 07-02-2013 ਜਿਸ ਦੀ ਕਾਪੀ ਆਪ ਨੂੰ ਵੀ ਪਿੱਠ ਅੰਕਿਤ ਕੀਤੀ ਹੋਈ ਹੈ, ਉਪਰੋਕਤ ਵਿਸ਼ੇ ਤੇ।

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਵਿਭਾਗ ਵਿੱਚ ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਫਾਰ ਐਸ.ਸੀ. / ਓ.ਬੀ.ਸੀ. ਚਲ ਰਹੀਆਂ ਹਨ। ਇਸ ਸਕੀਮ ਤਹਿਤ ਭਾਰਤ ਸਰਕਾਰ ਵਲੋਂ ਭਲਾਈ ਵਿਭਾਗ ਰਾਹੀਂ ਐਸ.ਸੀ./ਓ.ਬੀ.ਸੀ. ਕੈਟਾਗਰੀ ਦੇ ਵਿਦਿਆਰਥੀਆਂ ਨੂੰ ਲਾਭ ਦਿੱਤਾ ਜਾਂਦਾ ਹੈ। ਇਨ੍ਹਾਂ ਲਾਭ ਪਾਤਰੀਆਂ ਨੂੰ ਬਣਦਾ ਲਾਭ ਸਿੱਧੇ ਤੌਰ ਤੇ ਮੁਹੱਈਆ ਕਰਾਉਣ ਲਈ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਮਿਤੀ 21-01-2013 ਨੂੰ ਹੋਈ ਸੀ (ਕਾਰਵਾਈ ਰਿਪੋਰਟ ਦੀ ਕਾਪੀ ਨੱਥੀ ਹੈ) ਜਿਸ ਵਿੱਚ ਲਾਭ ਪਾਤਰੀਆਂ ਦੇ ਬੈਂਕ ਖਾਤੇ ਯੂ.ਆਈ.ਡੀ. ਅਧਾਰ ਤੇ ਖੋਲਣ ਲਈ ਕਿਹਾ ਗਿਆ ਸੀ। ਇਸ ਤੋਂ ਬਾਅਦ ਹਵਾਲਾ ਦਰਜ ਪੱਤਰ ਰਾਹੀਂ ਵੀ ਸਰਕਾਰ ਵਲੋਂ ਬੇਨਤੀ ਕੀਤੀ ਗਈ ਹੈ ਕਿ ਸਾਰੇ ਲਾਭ ਪਾਤਰੀਆਂ ਦੇ ਬੈਂਕ ਖਾਤੇ ਯੂ.ਆਈ.ਡੀ. ਆਧਾਰ ਤੇ ਖੋਲੇ ਜਾਣ। ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਜਿਲੇ ਵਿੱਚ ਚਲ ਰਹੀਆਂ ਸੰਸਥਾਵਾਂ ਦੇ ਨੱਥੀ ਲਿਸਟ ਅਨੁਸਾਰ ਐਸ.ਸੀ./ਓ.ਬੀ.ਸੀ. ਦੇ ਵਿਦਿਆਰਥੀਆਂ ਦੇ ਬੈਂਕ ਖਾਤੇ ਪਹਿਲ ਦੇ ਅਧਾਰ ਤੇ ਖੁਲਵਾਉਣ ਲਈ ਸੰਸਥਾਵਾਂ ਵਿੱਚ ਅਧਾਰ ਕਾਰਡ ਬਣਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਲਾਭ ਪਾਤਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦਾ ਲਾਭ ਸਿੱਧੇ ਤੌਰ ਤੇ ਦਿੱਤਾ ਜਾ ਸਕੇ।

ਨੱਥੀ/ ਉਪਰੋਕਤ ਅਨੁਸਾਰ

16/4
ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 1 ਟੀਈ/ਏ/ਪੀ.ਐਮ.ਐਸ. ਮਿਤੀ:

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਡਾਇਰੈਕਟਰ, ਪੰਜਾਬ ਰਾਜ ਵਿੱਚ ਸਥਿਤ, ਇੰਜਨੀਅਰਿੰਗ / ਬਹੁਤਕਨੀਕੀ ਕਾਲਜਾਂ ਨੂੰ ਇਸ ਦਫਤਰ ਦਾ ਪੱਤਰ ਨੰਬਰ 823-1073 ਮਿਤੀ 29-01-2013, 1247-1420 ਮਿਤੀ 01-03-2013 ਅਤੇ 13 ਮਿਤੀ 05-02-2013 ਦੇ ਹਵਾਲੇ ਵਿੱਚ ਭੇਜਦਿਆਂ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅ. ਜਾਤੀ / ਓ.ਬੀ.ਸੀ. ਦੇ ਵਿਦਿਆਰਥੀਆਂ ਦੇ ਕਲੇਮ ਸਾਲ 2012-13 ਦੌਰਾਨ ਇਸ ਦਫਤਰ ਨੂੰ ਭੇਜੇ ਗਏ ਹਨ ਉਨ੍ਹਾਂ ਦੀਆਂ ਲਿਸਟਾਂ ਡਿਪਟੀ ਕਮਿਸਨਰ ਦੇ ਦਫਤਰ ਵਿੱਚ ਅਧਾਰ ਕਾਰਡ (ਯੂ.ਆਈ.ਡੀ.) ਬੇਸਡ ਬੈਂਕ ਖਾਤੇ ਖੁਲਵਾਉਣ ਲਈ ਭੇਜੀਆਂ ਜਾਣ ਅਤੇ ਉਨ੍ਹਾਂ ਨਾਲ ਤਾਲਮੇਲ ਕਰਕੇ (ਯੂ.ਆਈ.ਡੀ.) ਬੇਸਡ ਬੈਂਕ ਖਾਤੇ ਖੁਲਵਾਉਣ ਉਪਰੰਤ ਲਿਸਟਾਂ ਦੋਹਰੇ ਰੂਪ ਵਿੱਚ ਅਤੇ ਸਾਫਟ ਕਾਪੀ ਸੀ.ਡੀ. ਵਿੱਚ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।